ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 ਅਜੀਤਗੜ੍ਹ, ਮੋਹਾਲੀ
ਫੋਨ ਨੰਬਰ: 0172-2212221, ਫੈਕਸ ਨੰ: 0172-2212793

(ਨੋਟਿਸ ਬੋਰਡ ਅਤੇ ਵੈਬਸਾਈਟ ਰਾਹੀਂ)

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿੱ.)
ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰਜ਼,
ਸਮੂਹ ਸਕੂਲ ਮੁੱਖੀ,
ਪੰਜਾਬ।

ਮੀਮੋ ਨੰ: 6/1-2018 ਪ੍ਰੀ (6)(1)
ਮਿਤੀ: 10.08.18.

ਵਿਸ਼ਾ :- **Centrally Sponsored Scheme National Means-cum-Merit Scholarship (NMMS) ਸਕੀਮ ਸੈਸ਼ਨ 2018-19 ਲਈ ਅਪਲਾਈ ਕਰਨ ਲਈ Portal ਖੁੱਲਣ ਸੰਬੰਧੀ।**

ਉਕਤ ਵਿਸ਼ੇ ਸੰਬੰਧੀ National Scholarship Portal (NSP) ਮਿਤੀ 31-10-2018 ਤੱਕ ਖੁੱਲਾ ਹੈ, ਜਿਸ ਅਨੁਸਾਰ ਵਿੱਦਿਅਕ ਸੈਸ਼ਨ 2018-19 ਲਈ ਨਿਮਨ-ਦਰਸਾਈਆਂ ਕਲਾਸਾਂ ਦੇ ਵਿਦਿਆਰਥੀ, ਜਿਹੜੇ NMMSS ਦੀ ਨਵੰਬਰ 2017 ਦੀ ਪ੍ਰੀਖਿਆ ਵਿੱਚ ਮੈਰਿਟ ਵਿੱਚ ਆਏ ਹਨ, ਨਿਰਧਾਰਿਤ ਸ਼ਰਤਾਂ ਅਧੀਨ ਰਜਿਸਟ੍ਰੇਸ਼ਨ ਕਰ ਸਕਦੇ ਹਨ:-

1. Class-IX of project year 2018-19 (NMMSS exam held on Nov. 2017)
2. Class-X of the project year 2017-18 (NMMSS Exam held on Nov. 2016)
3. Class -XI of the 2016-17 (NMMSS Exam held on Nov. 2015)
4. Class -XII of project year 2015-16 (NMMSS Exam held on Nov.2014)

- ਲੜੀ ਨੰ: 1 ਲਈ ਨਵੀਂ ਰਜਿਸਟ੍ਰੇਸ਼ਨ ਤਹਿਤ ਅਪਲਾਈ ਕਰਨਾ ਹੈ। ਲੜੀ ਨੰ: 1 'ਤੇ ਦਰਸਾਏ ਵਿਦਿਆਰਥੀਆਂ ਵੱਲੋਂ National Scholarship Portal (NSP) 'ਤੇ ਆਪਣੇ ਆਪ ਨੂੰ ਰਜਿਸਟਰ ਕਰਨ ਲਈ "New Registration" 'ਤੇ ਜਾ ਕੇ "login to apply" 'ਤੇ click ਕਰਨਾ ਪਵੇਗਾ। ਇਨ੍ਹਾਂ ਵਿਦਿਆਰਥੀਆਂ ਨੂੰ ਅਪਲਾਈ ਕਰਨ ਸਮੇਂ "NMMSS Roll No." ਭਰਨਾ ਜ਼ਰੂਰੀ ਹੋਵੇਗਾ।
- ਲੜੀ ਨੰ: 2 ਤੋਂ ਲੜੀ ਨੰ: 4 ਤੱਕ ਦੇ ਵਿਦਿਆਰਥੀਆਂ ਨੂੰ ਨਵੀਂ ਰਜਿਸਟ੍ਰੇਸ਼ਨ ਕਰਵਾਉਣ ਦੀ ਜ਼ਰੂਰਤ ਨਹੀਂ ਹੈ। ਇਨ੍ਹਾਂ ਵਿਦਿਆਰਥੀਆਂ ਵੱਲੋਂ ਪੁਰਾਣੀ ਰਜਿਸਟ੍ਰੇਸ਼ਨ ਆਈ.ਡੀ. ਨਾਲ ਹੀ ਅਪਲਾਈ ਕੀਤਾ ਜਾ ਸਕਦਾ ਹੈ।
- ਨੌਵੀਂ ਅਤੇ ਦਸਵੀਂ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਲਈ ਅਪਲਾਈ ਕਰਨ ਵੇਲੇ "Pre-matric Scholarship Scheme" ਅਤੇ ਗਿਆਰਵੀਂ ਅਤੇ ਬਾਰਵੀਂ ਦੇ ਵਿਦਿਆਰਥੀਆਂ ਨੂੰ "Post-matric Scholarship Scheme" option select ਕਰਨਾ ਹੋਵੇਗਾ।
- ਸਾਲ 2018-19 ਦੇ ਵਜ਼ੀਫੇ ਲਈ ਨਵੰਬਰ 2017 ਵਿੱਚ ਹੋਈ ਪ੍ਰੀਖਿਆ ਅਧੀਨ ਮੈਰਿਟ ਵਿੱਚ ਆਏ ਐਸ.ਸੀ. ਅਤੇ ਬੀ.ਸੀ. ਕੈਟਾਗਿਰੀ ਦੇ ਵਿਦਿਆਰਥੀਆਂ ਦੀ ਪਾਤਰਤਾ MHRD ਨੂੰ ਭੇਜਣ ਲਈ ਇਨ੍ਹਾਂ ਵਿਦਿਆਰਥੀਆਂ ਦੇ ਜਾਤੀ ਸਰਟੀਫਿਕੇਟਾਂ ਦੀ Scanned Copy ਵੀ ਈ-ਮੇਲ ਰਾਹੀਂ nmmspunjab@gmail.com 'ਤੇ ਭੇਜਣੀ ਯਕੀਨੀ ਬਣਾਈ ਜਾਵੇ।

- ਸਾਲ 2018-19 ਦੀ ਨੌਵੀਂ ਕਲਾਸ ਦੇ ਜਿਹੜੇ ਵਿਦਿਆਰਥੀ, NMMSS ਦੀ ਨਵੰਬਰ 2017 ਦੀ ਪ੍ਰੀਖਿਆ ਵਿੱਚ ਮੈਰਿਟ ਵਿੱਚ ਆਏ ਹਨ, ਦਾ ਡਾਟਾ National Scholarship Portal 'ਤੇ NMMSS ਅਧੀਨ, ਵੱਧ ਤੋਂ ਵੱਧ ਅਪਲੋਡ ਕਰਨ ਲਈ ਅਧਿਆਪਕਾਂ ਨੂੰ ਉਤਸ਼ਾਹਿਤ ਕੀਤਾ ਜਾਵੇ, ਕਿਉਂਕਿ ਇਸ ਸਕੀਮ ਅਧੀਨ ਵਿਦਿਆਰਥੀ ਨੂੰ 1000 ਰੁ: ਪ੍ਰਤੀ ਮਹੀਨਾ ਵਜ਼ੀਫਾ ਮਿਲਦਾ ਹੈ।

ਡਾਇਰੈਕਟਰ,
ਐਸ.ਸੀ.ਈ.ਆਰ.ਟੀ., ਪੰਜਾਬ

ਪਿੱਠਅੰਕਣ ਨੰ: ਉਕਤ ਮਿਤੀ: 10.08.2018

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਪੀ.ਏ. ਟੂ ਸਕੱਤਰ, ਸਕੂਲ ਸਿੱਖਿਆ,ਪੰਜਾਬ।
2. ਪੀ.ਏ. ਟੂ ਡਾਇਰੈਕਟਰ, ਐਸ.ਸੀ.ਈ.ਆਰ.ਟੀ.,ਪੰਜਾਬ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।
4. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.),ਪੰਜਾਬ।

ਡਾਇਰੈਕਟਰ,
ਐਸ.ਸੀ.ਈ.ਆਰ.ਟੀ., ਪੰਜਾਬ